# ਬਰੈਡਲੀ ਮੈਨਿੰਗ ਅਤੇ ਡੇਵਿਡ ਹਾਊਸ

ਅਮਰੀਕਨ ਫੌਜ ਦਾ ਇਕ ਇਕੀ ਸਾਲ ਦਾ ਨੌਜਵਾਨ ਬਰੈਡਲੀ ਮੈਨਿੰਗ ਲੈਵਨਵਰਥ ਕੈਂਸਸ ਵਿਚ ਫੈਡਰਲ ਜੇਲ੍ਹ ਵਿਚ ਹੈ। ਉਹ ਇਰਾਕ ਵਿਚ ਅਮਰੀਕਨ ਫੌਜ ਵਿਚ ਸੂਹੀਆ ਮਹਿਕਮੇ ਦਾ ਮਾਹਿਰ ਸੀ। ਮੈਨਿੰਗ ਨੂੰ ਪਿਛਲੇ ਸਾਲ ਇਰਾਕ ਵਿਚ ਕੈਦ ਕਰਕੇ ਕੁਵੈਤ ਵਿਚ ਰਖਿਆ ਗਿਆ ਸੀ ਅਤੇ ਉਸਦੇ ਬਾਅਦ ਉਸਨੂੰ ਇਕ ਦੋ ਹੋਰਨਾਂ ਥਾਂਵਾਂ ਤੇ ਰੱਖ ਕੇ ਹੁਣ ਲੈਵਨਵਰਥ ਵਿਚ ਰਖਿਆ ਹੈ। ਅਮਰੀਕਨ ਸਰਕਾਰ ਨੂੰ ਮੈਨਿੰਗ ਤੇ ਸ਼ਕ ਹੈ ਕਿ ਉਸਨੇ ਹੀ ਵਿਕੀਲੀਕਸ ਨੂੰ ਅਮਰੀਕਨ ਖੁਫ਼ੀਆ ਰਿਪੋਰਟਾਂ ਦਿੱਤੀਆਂ ਹਨ। ਇਕ ਸਾਲ ਹੋ ਗਿਆ ਹੈ ਪਰ ਮੈਨਿੰਗ ਤੇ ਅਜੇ ਤਾਂਈ ਕੋਈ ਇਲਜ਼ਾਮ ਲਾ ਕੇ ਉਸ ਤੇ ਮੁਕੱਦਮਾ ਨਹੀਂ ਚਲਾਇਆ ਗਿਆ ਹੈ। ਇਸ ਦੌਰ ਵਿਚ ਮੈਨਿੰਗ ਨੂੰ ਤਸੀਹੇ ਵੀ ਦਿੱਤੇ ਗਏ ਹਨ ਅਤੇ ਉਸਦੇ ਬਾਰੇ ਭਾਂਤ ਭਾਂਤ ਦੀਆਂ ਅਫਵਾਹਾਂ ਵੀ ਉਡਾਈਆਂ ਜਾ ਰਹੀਆਂ ਹਨ।

ਵਿਕੀਲੀਕਸ ਦੇ ਬਾਨੀ ਜੁਲੀਅਨ ਅਸਾਂਜ ਨੇ ਪਹਿਲੇ ਦਿਨੋਂ ਹੀ ਇਸ ਗੱਲ ਤੋਂ ਇਨਕਾਰ ਕੀਤਾ ਹੈ ਕਿ ਮੈਨਿੰਗ ਨੇ ਉਨ੍ਹਾਂ ਨੂੰ ਇਹ ਫਾਈਲਾਂ ਦਿੱਤੀਆਂ ਹਨ। ਅਮਰੀਕਾ, ਯੂਰੋਪ ਅਤੇ ਦੁਨੀਆ ਦੇ ਹੋਰਨਾਂ ਮੁਲਕਾਂ ਵਿਚ ਬਰੈਡਲੀ ਮੈਨਿੰਗ ਦੀ ਹਿਮਾਇਤ ਵਿਚ ਲੋਕ ਮੁਜ਼ਾਹਰੇ ਕਰ ਰਹੇ ਹਨ ਅਤੇ ਅਮਰੀਕਨ ਸਰਕਾਰ ਦੀ ਨਿਖੇਧੀ ਕਰ ਰਹੇ ਹਨ। ਨੌਜਵਾਨਾਂ ਨੇ ਖ਼ਾਸ ਤੌਰ ਤੇ ਕੰਪਿਊਟਰ ਦੇ ਮਾਹਿਰ ਨੌਜਵਾਨਾਂ ਨੇ `ਮੈਨਿੰਗ ਸਪੋਰਟ ਨੈਟਵਰਕ` ਬਣਾਇਆ ਹੈ।

ਬਰੈਡਲੀ ਮੈਨਿੰਗ ਦੇ ਦੋਸਤ ਡੇਵਿਡ ਹਾਊਸ ਅਤੇ ਹੋਰਨਾਂ ਨੂੰ ਪੁਲੀਸ ਅਤੇ ਖੁਫ਼ੀਆ ਪੁਲੀਸ ਪਰੇਸ਼ਾਨ ਕਰ ਰਹੀਆਂ ਹਨ। ਪਰ ਇਨ੍ਹਾਂ ਨੌਜਵਾਨਾਂ ਦੇ ਹੌਸਲੇ ਪਸਤ ਨਹੀਂ ਹੋਏ। ਡੇਵਿਡ ਹਾਊਸ ਨੇ ਇਕ ਇੰਟਰਵਿਊ ਵਿਚ ਦੱਸਿਆ ਕਿ ਉਸ ਦਾ ਕੰਪਿਊਟਰ ਜ਼ਬਤ ਕਰ ਲਿਆ ਗਿਆ ਸੀ ਅਤੇ ਹਵਾਈ ਅੱਡਿਆਂ ਤੇ ਉਸਨੂੰ ਪਰੇਸ਼ਾਨ ਕੀਤਾ ਜਾਂਦਾ ਹੈ। ਸੂਹੀਆ ਅਜੰਸੀਆਂ ਉਸ ਦੇ ਅਤੇ ਹੋਰਨਾਂ ਦੇ ਮਗਰ ਲੱਗੀਆਂ ਹੋਈਆਂ ਹਨ ਅਤੇ ਪਰੇਸ਼ਾਨ ਕਰਦੀਆਂ ਹਨ। ਡੇਵਿਡ ਹਾਊਸ ਨੂੰ ਗਰੈਂਡ ਜਿਊਰੀ ਦੇ ਸਾਮ੍ਹਣੇ ਵੀ ਪੇਸ਼ ਹੋਣਾ ਪਿਆ ਪਰ ਉਸਨੇ ਅਮਰੀਕਨ ਸੰਵਿਧਾਨ ਦੀ ਪਹਿਲੀ ਅਤੇ ਚੌਥੀ ਤਰਮੀਮ ਤਹਿਤ ਕੁਝ ਵੀ ਬੋਲਣ ਤੋਂ ਇਨਕਾਰ ਕਰ ਦਿਤਾ। ਡੇਵਿਡ ਹਾਊਸ ਮੈਨਿੰਗ ਨੂੰ ਜੇਲ੍ਹ ਵਿਚ ਕਈ ਬਾਰ ਜਾ ਕੇ ਮਿਲ ਚੁੱਕਿਆ ਹੈ। ਉਹ ਕੈਂਬਰਿਜ ਮੈਸਾਚਿਉਸਟਸ ਵਿਚ ਕੰਪਿਊਟਰ ਦਾ ਮਾਹਿਰ ਹੈ ਅਤੇ ਉਹ ਪਹਿਲੀ ਬਾਰ ਮੈਨਿੰਗ ਨੂੰ ਜਨਵਰੀ 2010 ਵਿਚ ਇਕ ਕੰਪਿਊਟਰ ਮਾਹਿਰਾਂ ਦੇ ਇਕੱਠ ਵਿਚ ਮਿਲਿਆ ਸੀ।

ਡੇਵਿਡ ਹਾਊਸ ਨੇ ਦੱਸਿਆ ਕਿ ਇਨ੍ਹਾਂ ਸਾਰੀਆਂ ਹਰਕਤਾਂ ਤੋਂ ਪਤਾ ਲਗਦਾ ਹੈ ਕਿ ਅਮਰੀਕਨ ਸਰਕਾਰ ਇਖਲਾਕੀ ਤੌਰ ਤੇ ਕਿਨੀਂ ਖੋਖਲੀ ਹੋ ਚੁਕੀ ਹੈ। ਇਸ ਦੇ ਕੋਲ ਕੋਈ ਵੀ ਦਲੀਲ ਨਹੀਂ ਹੈ ਅਤੇ ਇਹ ਸਿਰਫ਼ ਜ਼ੋਰ ਅਤੇ ਜ਼ੁਲਮ ਦਾ ਰਾਹ ਫੜੀ ਬੈਠੀ ਹੈ। ਅਮਰੀਕਨ ਅਜੰਸੀਆਂ ਉਸ ਤੋਂ ਪੁੱਛ ਗਿੱਛ ਦੌਰਾਨ ਇਸ ਗੱਲ ਤੇ ਬਹੁਤ ਜ਼ੋਰ ਲਾਉਂਦੀਆਂ ਹਨ ਕਿ ਉਸਦੇ ਇਰਾਕ ਅਤੇ ਅਫਗਾਨਿਸਤਾਨ ਬਾਰੇ ਕੀ ਵਿਚਾਰ ਹਨ। ਉਹਦਾ ਕਹਿਣਾ ਹੈ ਕਿ ਇਹ ਉਸਦੇ ਜ਼ਮੀਰ ਦੇ ਹੱਕ ਤੇ ਹਮਲਾ ਹੈ।

ਯੂਰੋਪ ਦੇ ਮਸ਼ਹੂਰ ਫਿਲਾਸਫ਼ਰ ਜੀਜਕ ਨੇ ਪਿਛਲੇ ਹਫਤੇ ਮੈਨਿੰਗ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਜੇ ਅੱਜ ਦੇ ਦੌਰ ਵਿਚ ਕੋਈ ਅਮਨ ਲਈ ਨੋਬਲ ਇਨਾਮ ਦਾ ਹੱਕਦਾਰ ਹੈ ਤਾਂ ਉਹ ਬਰੈਡਲੀ ਮੈਨਿੰਗ ਹੈ। ਵੇਲਜ਼ ਦੀ ਪਾਰਲੀਮੈਂਟ ਨੇ ਮੈਨਿੰਗ ਦੇ ਹਾਲ ਬਾਰੇ ਫਿਕਰ ਜ਼ਾਹਰ ਕੀਤਾ ਹੈ ਅਤੇ ਕਹਿੰਦੇ ਹਨ ਕਿ ਵੇਲਜ਼ ਦੀ ਪਾਰਲੀਮੈਂਟ ਦੇ ਦਬਾਅ ਦੀ ਵਜ੍ਹਾ ਨਾਲ ਹੀ ਮੈਨਿੰਗ ਨੂੰ ਲੈਵਨਵਰਥ ਜੇਲ੍ਹ ਵਿਚ ਲਿਆਂਦਾ ਗਿਆ ਹੈ।

ਮੈਨਿੰਗ ਅਤੇ ਡੇਵਿਡ ਹਾਊਸ ਵਰਗੇ ਨੌਜਵਾਨ ਇਨਸਾਨੀਅਤ ਦਾ ਭਵਿਖ ਹਨ ਜੋ ਆਪਣੇ ਜ਼ਮੀਰ ਦੇ ਹੱਕ ਲਈ ਕੋਈ ਵੀ ਮੁਸੀਬਤ ਅਤੇ ਤਸੀਹੇ ਸਹਿਣ ਨੂੰ ਤਿਆਰ ਹਨ। ਇਸ ਲਈ ਅਮਰੀਕਨ ਸਾਮਰਾਜ ਨੂੰ ਇਨ੍ਹਾਂ ਨੌਜਵਾਨਾਂ ਤੋਂ ਐਨਾ ਡਰ ਲੱਗਦਾ ਹੈ ਕਿ ਉਨ੍ਹਾਂ ਨੇ ਆਪਣੇ ਸੰਵਿਧਾਨ ਨੂੰ ਵੀ ਬੂਟਾਂ ਹੇਠ ਲਤਾੜ ਦਿਤਾ ਹੈ। ਇਹ ਨੌਜਵਾਨ ਸਭਨਾਂ ਲਈ ਹਿੰਮਤ ਅਤੇ ਉਤਸ਼ਾਹ ਦੇ ਨਿਸ਼ਾਨ ਬਣ ਰਹੇ ਹਨ।